# ਧੂੰਆਂ ਮੁਕਤ ਓਨਟੇਰੀਓ ਕਾਨੂੰਨ 2005

## ਕਾਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ : ਪਰਚੂਨ ਦੁਕਾਨਦਾਰਾਂ ਨੂੰ

## ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਾਨੂੰਨ 31 ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਾਨੂੰਨ ਓਨਟੇਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ ’ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।
- ਪਰਚੂਨ ਵਿਕਰੇਤਾਵਾਂ ਵੱਲੋਂ ਪ੍ਰਦਰਸ਼ਨ ਅਤੇ ਪ੍ਰੋਤਸਾਹਨ ’ਤੇ ਰੋਕਾਂ ਲਗਾਈਆਂ ਗਈਆਂ ਹਨ।
- ਯੁਵਾ ਲੋਗਾਂ ਨੂੰ ਤੰਬਾਕੂ ਦੀ ਵੇਚ ’ਤੇ ਰੋਕ ਹੋਰ ਮਜਬੂਤ ਕੀਤੀ ਗਈ ਹੈ।

## ਸਿਗਰੇਟਾਂ ਅਤੇ ਹੋਰ ਤੰਬਾਕੂ ਉਤਪਾਦਨਾਂ ਦੇ ਪ੍ਰਦਰਸ਼ਨ ’ਤੇ ਰੋਕਾਂ

- ਕਾਉਂਟਰ ਟੋਪ ’ਤੇ ਤੰਬਾਕੂ ਉਤਪਾਦਨਾਂ ਦੇ ਪ੍ਰਦਰਸ਼ਨ ’ਤੇ ਪਾਬੰਦੀ ਹੈ।
- ਗਾਹਕਾਂ ਨੂੰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਨਾਂ ਨੂੰ ਖਰੀਦਣ ਤੋਂ ਪਹਿਲੇ ਹੱਥ ਲਗਾਉਣ ਦੀ ਆਗਿਆ ਨਹੀਂ ਹੈ।
- 31 ਮਈ, 2006 ਅਤੇ 31 ਮਈ, 2008 ਦੇ ਵਿਚਕਾਰ ਸਿਗਰੇਟਾਂ ਕੇਵਲ ਵੱਖਰੇ ਵੱਖਰੇ ਪੈਕੇਟਾਂ ਵਿੱਚ ਹੀ ਪ੍ਰਦਰਸ਼ਿਤ ਕੀਤੀਆਂ ਜਾ ਸਕਦੀਆਂ ਹਨ, ਜੋ ਵੱਖਰੀ ਵੱਖਰੀ ਪਰਤ ਨਾਲ ਢੱਕੀਆਂ ਹੋਣ। ਕਾਰਟੋਨਾਂ ਦੀ ਇਜ਼ਾਜ਼ਤ ਨਹੀਂ ਹੈ।
- 31 ਮਈ, 2008 ਤੋਂ ਬਾਅਦ ਕੋਈ ਵੀ ਤੰਬਾਕੂ ਉਤਪਾਦਨ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ।

## ਸਿਗਰੇਟਾਂ ਅਤੇ ਹੋਰ ਤੰਬਾਕੂ ਉਤਪਾਦਨਾਂ ਦੇ ਪ੍ਰੋਤਸਾਹਣ ’ਤੇ ਰੋਕਾਂ

- ਕਿਸੇ ਵੀ ਤਰ੍ਹਾਂ ਦੀ ਪ੍ਰੋਤਸਾਹਣ ਸਾੱਮਗਰੀ ਜੋ ਤੰਬਾਕੂ ਉਤਪਾਦਨ ਦੇ ਕਿਸੇ ਵਿਸ਼ੇਸ਼ ਬ੍ਰਾਂਡ ਨੂੰ ਦਰਸ਼ਾਂਦੀ ਹੋਵੇ ’ਤੇ ਪਾਬੰਦੀ ਹੈ। ਪਾਬੰਦੀਸ਼ੁਦਾ ਕੁੱਝ ਪ੍ਰਦਰਸ਼ਨਾਂ ਦੇ ਉਦਾਹਰਨ ਹਨ :
  - o ਕਿਸੇ ਵਿਸ਼ੇਸ਼ ਬ੍ਰਾਂਡ ਨਾਲ ਜੁੜੇ ਸਜਾਵਟੀ ਪੈਨਲ ਅਤੇ ਬੈਕ ਡਰਾਪ (ਆਮ ਤੌਰ ਤੇ “ਪਾਵਰ ਵਾਲ” ਕਹੇ ਜਾਂਦੇ ਹਨ)
  - o ਪਿੱਛੇ ਰੋਸ਼ਨੀ ਵਾਲੇ ਜਾਂ ਜਗਦੇ ਪੈਨਲ
  - o ਵਿਸਤਾਰ ਲਈ ਰੋਸ਼ਨੀ
  - o ਤਿੰਨ ਆਯਾਮੀ ਪ੍ਰਦਰਸ਼ਨ
- ਤੰਬਾਕੂ ਉਤਪਾਦਨਾਂ ਦੀ ਵੇਚ ਸੰਬੰਧੀ ਨਿਸ਼ਾਨ ਕੇਵਲ ਗਾਹਕਾਂ ਨੂੰ ਇਹ ਜਾਣਕਾਰੀ ਦੇਣ ਲਈ ਕਿ ਦੁਕਾਨਦਾਰ ਤੰਬਾਕੂ ਉਤਪਾਦਨ ਵੇਚਦਾ ਹੈ ਅਤੇ ਉਨ੍ਹਾਂ ਦੀ ਕੀਮਤ ਬਾਰੇ ਨਿਸ਼ਾਨ ਲਗਾਉਣ ਦੀ ਆਗਿਆ ਹੈ। ਅੱਗੇ :
  - o ਨਿਸ਼ਾਨ ਦਾ ਆਕਾਰ 968 ਵਰਗ ਸੈਂਟੀਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ।
  - o ਵੇਚ ਸੰਬੰਧੀ ਨਿਸ਼ਾਨ ਕਾਲੇ ਰੰਗ ਦੇ ਪਾਠ ਵਿੱਚ ਅਤੇ ਚਿੱਟੀ ਪਿਛੋਕੜ ਵਾਲੇ ਹੋਣੇ ਚਾਹੀਦੇ ਹਨ।
  - o ਨਿਸ਼ਾਨ ਦਾ ਪਾਠ ਦੁਕਾਨ ਦੇ ਬਾਹਰ ਦਿਖਾਈ ਨਹੀਂ ਦੇਣਾ ਚਾਹੀਦਾ।
  - o ਇੱਕ ਦੁਕਾਨਦਾਰ ਵੱਧ ਤੋਂ ਵੱਧ ਤੰਬਾਕੂ ਉਤਪਾਦਨਾਂ ਅਤੇ/ਜਾਂ ਤੰਬਾਕੂ ਉਤਪਾਦਨਾਂ ਦੇ ਸਾਜੋ ਸਾਮਾਨ ਸੰਬੰਧੀ ਤਿੰਨ ਨਿਸ਼ਾਨ ਲਗਾ ਸਕਦਾ ਹੈ
  - o ਨਿਸ਼ਾਨਾਂ ਵਿੱਚ ਕਿਸੇ ਤੰਬਾਕੂ ਅਤੇ ਤੰਬਾਕੂ ਸੰਬੰਧੀ ਉਤਪਾਦ ਦੇ ਬ੍ਰਾਂਡ ਦੀ ਪਹਿਚਾਨ ਨਹੀਂ ਹੋਣੀ ਚਾਹੀਦੀ।

## ਜ਼ਰੂਰੀ ਨਿਸ਼ਾਨ

ਸਾਰੇ ਪਰਚੂਨ ਵਿਕ੍ਰੇਤਾਵਾਂ ਨੂੰ ਚਾਹੀਦਾ ਹੈ ਕਿ *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜ਼ਿਆਂ, ਗੁਸਲਖ਼ਾਨਿਆਂ ਅਤੇ ਹੋਰ ਸਹੀ ਜਗ੍ਹਾਂ ਉੱਤੇ ਲਗਾਏ ਜਾਣ ਤਾਕਿ ਇਸ ਗੱਲ ਨੂੰ ਯਕੀਨੀ ਬਨਾਇਆ ਜਾਵੇ ਕਿ ਸਭ ਨੂੰ ਪਤਾ ਹੈ ਕਿ ਸਿਗਰੇਟ ਪੀਣ ਦੀ ਮਨਾਹੀ ਹੈ। ਇਸ ਤੋਂ ਬਿਨਾਂ, ਸਾਰੇ ਸਿਗਰੇਟਾਂ ਅਤੇ ਤੰਬਾਕੂ ਉਤਪਾਦਨ ਦੇ ਪਰਚੂਣ ਦੁਕਾਨਦਾਰਾਂ ਨੂੰ ਚਾਹੀਦਾ ਹੈ ਕਿ ਉਹ ਵੇਚ ਕੇਂਦਰ 'ਤੇ ਐਸੀ ਜਗ੍ਹਾ ਤੇ ਜਿੱਥੇ ਖਰੀਦਦਾਰ ਨੂੰ ਸਪਸ਼ਟ ਦਿਖਾਈ ਦੇਵੇ ਇਹ ਲਗਵਾਉਣ :

- ਇੱਕ *ਸਰਕਾਰੀ ਪਹਿਚਾਨ ਦਾ* ਨਿਸ਼ਾਨ।
- ਇੱਕ *ਉਮਰ ਪਾਬੰਦੀ ਅਤੇ ਸਿਹਤ ਚੇਤਾਵਨੀ* ਨਿਸ਼ਾਨ

ਨਿਸ਼ਾਨ ਲੈਣ ਲਈ ਜਾਣਕਾਰੀ ਲਈ ਕਿਰਪਾ ਕਰਕੇ ਸਥਾਨਕ ਜਨਤਕ ਸਿਹਤ ਇਕਾਈ ਨਾਲ ਸੰਪਰਕ ਕਰੋ।

## ਪਰਚੂਨ ਦੁਕਾਨਦਾਰ ਦੀਆਂ ਜ਼ਿੰਮੇਵਾਰੀਆਂ

*ਦਿਖਾਈ ਦੇਣ ਵਾਲੀ ਉਮਰ*

ਕਿਸੇ ਐਸੇ ਵਿਅਕਤੀ ਨੂੰ ਤੰਬਾਕੂ ਵੇਚਣ ਤੋਂ ਪਹਿਲਾਂ ਜੋ 25 ਸਾਲ ਤੋਂ ਘੱਟ ਉਮਰ ਦਾ ਲਗਦਾ ਹੋਵੇ ਪਰਚੂਨ ਵਿਕਰੇਤਾ ਨੂੰ ਚਾਹੀਦਾ ਹੈ ਕਿ ਉਹ ਉਸ ਦੀ ਪਹਿਚਾਣ ਮੰਗੇ ਅਤੇ ਇਸ ਗੱਲ ਤੋਂ ਸੰਤੁਸ਼ਟ ਹੋਵੇ ਕਿ ਉਹ ਘਟੋ ਘੱਟ 19 ਸਾਲ ਦਾ ਹੈ। ਮੰਨਣ ਯੋਗ ਪਹਿਚਾਨ ਵਿੱਚ ਵਿਅਕਤੀ ਦਾ ਫ਼ੋਟੋ ਹੋਣਾ ਚਾਹੀਦਾ ਹੈ, ਨਾਲ ਹੀ ਵਿਅਕਤੀ ਦੀ ਜਨਮ ਤਾਰੀਖ਼ ਹੋਣੀ ਚਾਹੀਦੀ ਹੈ, ਅਤੇ ਇਹ ਸਪਸ਼ਟ ਰੂਪ ਵਿੱਚ ਸਰਕਾਰ ਵਲੋਂ ਜਾਰੀ ਕੀਤਾ ਹੋਇਆ ਲਗਣਾ ਚਾਹੀਦਾ ਹੈ। ਕੁੱਝ ਉਦਾਹਰਨ ਹਨ :

- ਓਨਟੈਰੀਓ ਦਾ ਡਰਾਈਵਰ ਲਾਇਸੈਂਸ
- ਕੈਨੇਡੀਅਨ ਪਾਸਪੋਰਟ
- ਕੈਨੇਡੀਅਨ ਨਾਗਰਿਕਤਾ ਕਾਰਡ
- ਕੈਨੇਡੀਅਨ ਸੈਨਿਕ ਬਲ ਪਹਿਚਾਨ ਕਾਰਡ
- ਓਨਟੈਰੀਓ ਸ਼ਰਾਬ ਨਿਯੰਤਰਨ ਬੋਰਡ ਦਾ ਫ਼ੋਟੋ ਕਾਰਡ

ਜਦ ਕਿ ਪਰਚੂਨ ਵਿਕ੍ਰੇਤਾ ਸਿਹਤ ਕਾਰਡ ਨਹੀਂ ਮੰਗ ਸਕਦੇ ਪਰ ਇਸ ਨੂੰ ਪਹਿਚਾਨ ਵਜੋਂ ਮੰਨਿਆ ਜਾਵੇਗਾ ਜੇਕਰ ਗਾਹਕ ਵੱਲੋਂ ਇਹ ਦਿਖਾਇਆ ਜਾਂਦਾ ਹੈ ਅਤੇ ਇਸ ਵਿੱਚ ਤਸਵੀਰ ਅਤੇ ਜਨਮ ਤਾਰੀਖ਼ ਸ਼ਾਮਲ ਹੋਵੇ।

*ਪ੍ਰਤੀਨਿਧੀ ਜਵਾਬਦੇਹੀ*

ਕਾਨੂੰਨ ਵਿੱਚ ਪ੍ਰਤੀਨਿਧੀ ਜਵਾਬਦੇਹੀ ਦਾ ਵਿਚਾਰ ਇੱਕ ਮਹਤੱਵਪੂਰਨ ਬਦਲਾਵ ਹੈ। ਇਸ ਦਾ ਮਤਲਬ ਹੈ ਕਿ ਮਾਲਕ ਆਪਣੇ ਕੰਮ ਦੇ ਜ਼ਿੰਮੇਵਾਰ ਵੀ ਹੋਣਗੇ ਅਤੇ ਆਪਣੇ ਕਰਮਚਾਰੀਆਂ ਦੇ ਕੰਮ ਦੇ ਵੀ। ਮਾਲਕ ਨੂੰ ਆਪਣੇ ਆਪ ਲੱਗਣ ਵਾਲੀ ਪਾਬੰਦੀ ਦਾ ਸਾਮਨਾ ਕਰਨਾ ਪਵੇਗਾ ਜੇਕਰ ਪੰਜ ਸਾਲ ਦੇ ਅੰਤਰਾਲ ਦੌਰਾਨ ਇੱਕੋ ਪਤੇ ਤੇ ਦੋ ਜਾਂ ਦੋ ਤੋਂ ਜ਼ਿਆਦਾ ਵਾਰੀ ਸਜਾ ਪ੍ਰਾਪਤ ਕੀਤੀ ਜਾਂਦੀ ਹੈ।

## ਪਾਲਣਾ

ਸਥਾਨਕ ਜਨਤੱਕ ਸਿਹਤ ਇਕਾਈਆਂ ਕਾਨੂੰਨ ਦੀ ਪਾਲਣਾ ਕਰਵਾਉਣ ਲਈ ਪਰਚੂਨ ਦੁਕਾਨਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਸਜ਼ਾਵਾਂ

*ਕਾਨੂੰਨ ਦੇ ਇਸ ਭਾਗ ਅਧੀਨ ਕਈ ਸਜ਼ਾਵਾਂ ਹਨ ਜੋ ਇੱਕ ਪਰਚੂਨ ਦੁਕਾਨਦਾਰ ਨੂੰ ਹੋ ਸਕਦੀਆਂ ਹਨ। ਪਰਚੂਨ ਦੁਕਾਨਦਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਇਸ ਕਾਨੂੰਨ ਅਧੀਨ ਆਪਣੇ ਉੱਪਰ ਲਾਗੂ ਹੋਣ ਵਾਲੇ ਸਾਰੇ ਗੁਨਾਹਾਂ ਅਤੇ ਉਨ੍ਹਾਂ ਸਜਾਵਾਂ ਤੋਂ ਜਾਣੂ ਕਰਵਾਉਣ ਜਿਨ੍ਹਾਂ ਕਰ ਕੇ ਆਪਣੇ ਆਪ ਹੀ ਪਾਬੰਦੀ ਲਗ ਸਕਦੀ ਹੈ।*

## ਤੰਬਾਕੂ ਉਤਪਾਦਨਾਂ ਨੂੰ ਵੇਚਣ, ਭੰਡਾਰ ਕਰਣ ਅਤੇ ਡਿਲੀਵਰੀ ਪ੍ਰਾਪਤ ਕਰਨ ’ਤੇ ਪਾਬੰਦੀ

ਇੱਕ ਪਰਚੂਨ ਵਿਕ੍ਰੇਤਾ ਜਿਸ ਨੂੰ ਧੂੰਆ ਮੁਕਤ ਓਨਟੈਰੀਓ ਕਾਨੂੰਨ ਦੀਆਂ ਵਿਸ਼ੇਸ਼ ਸੁਵਿਧਾਵਾਂ ਜਾਂ ਤੰਬਾਕੂ ਕਰ ਕਾਨੂੰਨ ਦੀ ਬਿਨਾਂ ਮਾਰਕੇ ਦੀਆਂ ਸਿਗਰੇਟਾਂ ਵੇਚਣ ਬਾਰੇ ਧਾਰਾ ਦੀ ਉਲੰਘਨਾ ਕਰਨ ਕਰਕੇ ਤੰਬਾਕੂ ਵੇਚ ਗੁਨਾਹ ਲਈ ਦੋ ਜਾਂ ਜ਼ਿਆਦਾ ਵਾਰੀ ਸਜ਼ਾ ਹੋ ਚੁਕੀ ਹੈ, ਉਸ ’ਤੇ ਤੰਬਾਕੂ ਵੇਚਣ, ਭੰਡਾਰ ਕਰਨ ਅਤੇ ਡਿਲੀਵਰੀ ਪ੍ਰਾਪਤ ਕਰਨ ’ਤੇ ਪਾਬੰਦੀ ਹੈ। ਇਸ ਨੂੰ “ਆਪਣੇ ਆਪ ਹੀ ਲੱਗਣ ਵਾਲੀ ਪਾਬੰਦੀ” ਕਿਹਾ ਜਾਂਦਾ ਹੈ। ਪਿਛਲੀਆਂ ਸਜ਼ਾਵਾਂ ’ਤੇ ਨਿਰਭਰ ਹੋ ਕੇ, ਇਹ ਪਾਬੰਦੀ ਛੇ ਤੋਂ 12 ਮਹੀਨੇ ਤੱਕ ਦੀ ਹੋ ਸਕਦੀ ਹੈ।

## ਜੁਰਮਾਨੇ

ਕਿਸੇ ਸੰਸਥਾ ਨੂੰ ਪਹਿਲੀ ਵਾਰੀ ਗੁਨਾਹ ਕਰਨ ’ਤੇ ਵੱਧ ਤੋਂ ਵੱਧ $10,000 ਦਾ ਅਤੇ ਤੀਜੀ ਜਾਂ ਇਸ ਤੋਂ ਜ਼ਿਆਦਾ ਵਾਰੀ ਗੁਨਾਹ ਕਰਨ ’ਤੇ $150,000 ਦਾ ਜੁਰਮਾਨਾ ਹੋ ਸਕਦਾ ਹੈ। ਕਿਸੇ ਵਿਅਕਤੀ ਨੂੰ ਪਹਿਲੀ ਵਾਰੀ ਗੁਨਾਹ ਕਰਨ ’ਤੇ ਵੱਧ ਤੋਂ ਵੱਧ $4,000 ਦਾ ਅਤੇ ਤੀਜੀ ਜਾਂ ਇਸ ਤੋਂ ਜ਼ਿਆਦਾ ਵਾਰੀ ਗੁਨਾਹ ਕਰਨ ’ਤੇ $100,000 ਦਾ ਜੁਰਮਾਨਾ ਹੋ ਸਕਦਾ ਹੈ।

ਇਹ ਤੱਥ ਸ਼ੀਟ ਕੇਵਲ ਜਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਸਥਾਨਕ ਜਨਤੱਕ ਸਿਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ :

- **ਇੰਫ਼ੋਲਾਈਨ** 1-866-396-1760
- **ਉੱਚਾ ਸੁਣਨ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ : ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਾਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਓਨਟੈਰੀਓ ਸਿਹਤ ਉੱਨਤੀ ਮੰਤਰਾਲੇ ਦੀ ਵੈਬਸਾਈਟ ਤੇ ਜਾਓ : http://www.mhp.gov.on.ca/english/health/smoke_free/legislation.asp.

ਮਈ 2006



Ontario